# ਲਵੇਰਿਆਂ ਦੀਆਂ ਨਸਲਾਂ ਅਤੇ ਵਿਸ਼ੇਸਤਾਵਾਂ

ਡਾ. ਪਾਲਪ੍ਰੀਤ ਸਿੰਘ
ਖ਼ਾਲਸਾ ਕਾਲਜ ਆਫ਼ ਵੈਟਰਨਰੀ & ਐਨੀਮਲ ਸਾਇੰਸਜ਼, ਅੰਮ੍ਰਿਤਸਰ

**ਸਾਰ**

ਡੇਅਰੀ ਦਾ ਧੰਦਾ ਖੇਤੀਬਾੜੀ ਨਾਲ ਜੁੜੇ ਸਹਾਇਕ ਧੰਦਿਆਂ ਵਿੱਚੋਂ ਸਭ ਤੋਂ ਲਾਹੇਵੰਦ ਹੈ। ਵਧੀਆ ਗੁਣਾਂ ਵਾਲੀਆਂ ਗਾਵਾਂ ਅਤੇ ਮੱਝਾਂ ਦੀਆਂ ਨਸਲਾਂ ਰੱਖਣ ਨਾਲ ਇਹ ਕਾਰੋਬਾਰ ਕਿਸਾਨਾਂ ਲਈ ਆਮਦਨ ਦਾ ਮਹੱਤਵਪੂਰਨ ਸਰੋਤ ਬਣ ਸਕਦਾ ਹੈ। ਭਾਰਤ ਵਿੱਚ ਗਾਵਾਂ ਦੀਆਂ ਲਗਭਗ 53 ਨਸਲਾਂ ਅਤੇ ਮੱਝਾਂ ਦੀਆਂ 20 ਨਸਲਾਂ ਪਾਈਆਂ ਜਾਂਦੀਆਂ ਹਨ। ਪੰਜਾਬ ਵਿੱਚ ਪਾਈਆਂ ਜਾਣ ਵਾਲੀਆਂ ਮੁੱਖ ਦੇਸੀ ਗਾਵਾਂ ਦੀਆਂ ਨਸਲਾਂ ਵਿੱਚ ਸਾਹੀਵਾਲ, ਲਾਲ ਸਿੰਧੀ, ਹਰਿਆਣਾ ਅਤੇ ਥਾਰਪਾਰਕਰ ਸ਼ਾਮਲ ਹਨ, ਜਦਕਿ ਵਿਦੇਸ਼ੀ ਗਾਵਾਂ ਦੀਆਂ ਨਸਲਾਂ ਵਿੱਚ ਹੋਲਸਟੀਅਨ ਫਰੀਜ਼ੀਅਨ ਅਤੇ ਜਰਸੀ ਪ੍ਰਮੁੱਖ ਹਨ। ਹਰ ਨਸਲ ਆਪਣੀਆਂ ਵਿਲੱਖਣ ਸਰੀਰਕ ਵਿਸ਼ੇਸ਼ਤਾਵਾਂ, ਦੁੱਧ ਦੇਣ ਦੀ ਸਮਰੱਥਾ ਅਤੇ ਖੇਤੀਬਾੜੀ ਦੇ ਕੰਮ ਲਈ ਯੋਗਤਾ ਰੱਖਦੀ ਹੈ। ਦੇਸੀ ਨਸਲਾਂ ਗਰਮੀ ਅਤੇ ਬਿਮਾਰੀਆਂ ਦਾ ਵਧੀਆ ਟਾਕਰਾ ਕਰਦੀਆਂ ਹਨ, ਜਦਕਿ ਵਿਦੇਸ਼ੀ ਨਸਲਾਂ ਦੁੱਧ ਦੇਣ ਵਿੱਚ ਅੱਗੇ ਹਨ। ਇਸ ਤਰ੍ਹਾਂ, ਸਥਾਨਕ ਤੇ ਵਿਦੇਸ਼ੀ ਨਸਲਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਰੱਖਣਾ ਕਿਸਾਨਾਂ ਲਈ ਡੇਅਰੀ ਕਾਰੋਬਾਰ ਨੂੰ ਲਾਹੇਵੰਦ ਬਣਾਉਣ ਵਿੱਚ ਬਹੁਤ ਜ਼ਰੂਰੀ ਹੈ।

ਖੇਤੀਬਾੜੀ ਦੇ ਸਹਾਇਕ ਧੰਦਿਆਂ ਵਿੱਚੋਂ ਡੇਅਰੀ ਦਾ ਧੰਦਾ ਸਭ ਨਾਲੋਂ ਉੱਤਮ ਮੰਨਿਆਂ ਜਾਂਦਾ ਹੈ। ਕਿਉਂਕਿ ਖੇਤੀਬਾੜੀ ਦੇ ਨਾਲ ਡੇਅਰੀ ਦਾ ਧੰਦਾ ਕਰਨ ਨਾਲ ਇੱਕ ਤਾਂ ਕਾਮਿਆਂ ਦੇ ਵਿਹਲੇ ਸਮੇਂ ਦੀ ਠੀਕ ਵਰਤੋਂ ਹੋ ਜਾਂਦੀ ਹੈ ਅਤੇ ਦੂਜਾ ਖੇਤੀਬਾੜੀ ਦੇ ਸੰਦਾਂ ਅਤੇ ਇਮਾਰਤਾਂ ਦੀ ਵੀ ਯੋਗ ਵਰਤੋਂ ਹੋ ਜਾਂਦੀ ਹੈ। ਭਾਵੇਂ ਡੇਅਰੀ ਦੇ ਧੰਦੇ ਨੂੰ ਸ਼ੁਰੂ ਕਰਨ ਲਈ ਕਾਫੀ ਸਰਮਾਏ ਦੀ ਲੋੜ ਪੈਂਦੀ ਹੈ ਪਰ ਜੇ ਦੁੱਧ ਦੇਣ ਵਾਲੀਆਂ ਗਾਵਾਂ ਜਾਂ ਮੱਝਾਂ ਦੀਆਂ ਵਧੀਆ ਕਿਸਮਾਂ ਰੱਖੀਆਂ ਜਾਣ ਤਾਂ ਇਹ ਧੰਦਾ ਬਹੁਤ ਲਾਹੇਵੰਦ ਸਿੱਧ ਹੋ ਸਕਦਾ ਹੈ।

## 1. ਗਾਵਾਂ ਦੀਆਂ ਕਿਸਮਾਂ :

ਸਾਰੇ ਸੰਸਾਰ ਵਿੱਚ ਗਾਵਾਂ ਦੀਆਂ ਤਕਰੀਬਣ 1000 ਨਸਲਾਂ ਹਨ। ਭਾਰਤ ਵਿੱਚ ਗਾਵਾਂ ਦੀਆਂ 53 ਨਸਲਾਂ ਹਨ ਜਿਨ੍ਹਾਂ ਵਿੱਚੋਂ ਵਧੇਰੇ ਮਹੱਤਵਪੂਰਨ ਸਾਹੀਵਾਲ, ਲਾਲ ਸਿੰਧੀ,ਹਰਿਆਣਾ ਅਤੇ ਥਾਰਪਾਰਕਰ ਹਨ। ਇਹਨਾਂ ਦੇ ਗੁਣ ਅਤੇ ਸਰੀਰਕ ਵਿਸ਼ੇਸਤਾਈਆਂ ਹੇਠ ਲਿਖੇ ਅਨੁਸਾਰ ਹਨ:

**(ੳ) ਸਾਹੀਵਾਲ:** ਇਸ ਨਸਲ ਦਾ ਪਿਛੋਕੜ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਹੈ। ਇਸ ਨਸਲ ਦੇ ਪਸ਼ੂਆਂ ਦਾ ਰੰਗ ਲਾਲ- ਭੂਰਾ, ਸਰੀਰ ਦਰਮਿਆਨਾ, ਲੱਤਾਂ ਛੋਟੀਆਂ, ਢਿੱਲੀ ਚਮੜੀ, ਸਿਰ ਕੁਝ ਚੌੜਾ, ਛੋਟੇ ਅਤੇ ਭਾਰੇ ਸਿੰਗ, ਗਰਦਨ ਦੇ ਥੱਲੇ ਭਾਰੀ ਝਾਲਰ ਅਤੇ ਲੇਵਾ ਵੱਡਾ ਹੁੰਦਾ ਹੈ। ਇਹ ਸਭ ਤੋਂ ਵੱਧ ਦੁੱਧ ਦੇਣ ਵਾਲੀ ਭਾਰਤੀ ਨਸਲ ਹੈ। ਇਸ ਨਸਲ ਦੇ ਬਲਦ ਸੁਸਤ ਅਤੇ ਕੰਮ ਕਰਨ ਵਿੱਚ ਢਿੱਲੇ ਹੁੰਦੇ ਹਨ । ਇਸ ਨਸਲ ਦੇ ਪਸ਼ੂਆਂ ਨੂੰ **ਲੋਲਾ** ਨਸਲ ਵੀ ਕਹਿੰਦੇ ਹਨ। ਗਾਂ ਇੱਕ ਸੂਏ ਵਿੱਚ ਔਸਤਨ 1800-2000 ਲੀਟਰ ਦੁੱਧ ਦਿੰਦੀ ਹੈ। ਇਸ ਦੀ ਥੰਦਿਆਈ ਦੀ ਮਾਤਰਾ 5.0 ਪ੍ਰਤੀਸ਼ਤ ਦੇ ਕਰੀਬ ਹੁੰਦੀ ਹੈ। ਵੱਡੇ ਬਲਦ ਦਾ ਭਾਰ ਸਾਢੇ ਪੰਜ ਕੁਇੰਟਲ ਅਤੇ ਗਾਂ ਦਾ ਭਾਰ ਚਾਰ ਕੁਇੰਟਲ ਹੁੰਦਾ ਹੈ।

**(ਅ) ਲਾਲ ਸਿੰਧੀ :** ਇਸ ਦਾ ਪਿਛੋਕੜ ਸਿੰਧ ਪ੍ਰਾਂਤ (ਪਾਕਿਸਤਾਨ) ਹੈ। ਇਸ ਨਸਲ ਦਾ ਕੱਦ ਦਰਮਿਆਨਾ, ਲਾਲ ਗੂੜ੍ਹਾ ਰੰਗ, ਗੁੰਦਵਾਂ ਸਰੀਰ, ਦਰਮਿਆਨੇ ਆਕਾਰ ਦਾ, ਮੱਥਾ ਚੌੜਾ, ਸਿੰਗ ਛੋਟੇ ਤੇ ਮੋਟੇ, ਪੂੰਛ ਲੰਬੀ, ਲੱਤਾਂ ਇਕਸਾਰ ਛੋਟੀਆਂ ਅਤੇ ਚਮੜੀ ਢਿੱਲੀ ਹੁੰਦੀ ਹੈ। ਇਸ ਨਸਲ ਦੀਆ ਗਾਵਾਂ ਵੱਖ- ਵੱਖ ਮੌਸਮੀ ਹਾਲਤਾਂ ਵਿੱਚ ਵੀ ਪਾਲੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਬਿਮਾਰੀਆਂ ਘੱਟ ਲੱਗਦੀਆਂ ਹਨ। ਇਹ ਗਾਂ ਇੱਕ ਸੂਏ ਵਿੱਚ 1600-1800 ਲੀਟਰ ਦੁੱਧ ਦਿੰਦੀ ਹੈ। ਜਿਸ ਦੇ ਦੁੱਧ ਵਿੱਚ 5.0 ਪ੍ਰਤੀਸ਼ਤ ਥੰਦਿਆਈ ਹੁੰਦੀ ਹੈ। ਬਲਦ ਖੇਤਾਂ ਵਿੱਚ ਚੰਗਾ ਕੰਮ ਕਰ ਸਕਦੇ ਹਨ। ਬਲਦ ਦਾ ਭਾਰ ਤਕਰੀਬਨ ਸਾਢੇ ਚਾਰ ਕੁਇੰਟਲ ਅਤੇ ਗਾਂ ਦਾ ਸਵਾ ਤਿੰਨ ਕੁਇੰਟਲ ਹੁੰਦਾ ਹੈ।

**(ੲ) ਹਰਿਆਣਾ:** ਇਸ ਨਸਲ ਦਾ ਪਿਛੋਕੜ ਹਰਿਆਣਾ ਪ੍ਰਾਂਤ ਦੇ ਜ਼ਿਲ੍ਹੇ ਰੋਹਤਕ, ਹਿਸਾਰ, ਕਰਨਾਲ ਅਤੇ ਗੁੜਗਾਉਂ ਨਾਲ ਸਬੰਧਤ ਹੈ। ਇਸ ਦਾ ਰੰਗ ਸਾਂਵਲਾ, ਸਰੀਰ ਦਰਮਿਆਨਾ ਅਤੇ ਗੁੰਦਵਾਂ, ਸਿਰ ਛੋਟਾ, ਲੱਤਾ ਲੰਬੀਆਂ, ਸਿੰਗ ਛੋਟੇ ਤੇ ਸਿੱਧੇ, ਵੇਲ ਲੰਬੀ ਤੇ ਗੁੰਦਵੀਂ, ਪੂਛ ਪਤਲੀ ਤੇ ਛੋਟੀ ਹੁੰਦੀ ਹੈ। ਇਹ ਸਭ ਤੋਂ ਵਧੀਆ ਦੋ ਮੰਤਵੀ ਨਸਲ ਹੈ। ਖੇਤੀ ਦਾ ਕੰਮ ਕਰਨ ਲਈ ਬਲਦ ਤਕੜੇ ਤੇ ਤਿੱਖੇ ਹੁੰਦੇ ਹੈ। ਬਲਦ ਦਾ ਵਜ਼ਨ ਤਕਰੀਬਨ 5 ਕੁਇੰਟਲ ਤੇ ਗਾਂ ਦਾ ਵਜ਼ਨ ਸਾਢੇ ਤਿੰਨ ਕੁਇੰਟਲ ਹੁੰਦਾ ਹੈ। ਇਸ ਨਸਲ ਦੀ ਗਾਂ ਇੱਕ ਸੂਏ ਵਿੱਚ ਔਸਤਨ 1000 ਲੀਟਰ ਦੁੱਧ ਦਿੰਦੀ ਹੈ ਅਤੇ ਦੁੱਧ ਵਿੱਚ 4.4 ਪ੍ਰਤੀਸ਼ਤ ਥੰਦਿਆਈ ਹੁੰਦੀ ਹੈ। ਇਸ ਨੂੰ ਦੋਗਲੀ ਨਸਲ - ਦੁੱਧ ਅਤੇ ਕੰਮ ਕਰਨ ਵਾਲੀ ਗਿਣਿਆਂ ਜਾਂਦਾ ਹੈ।

**(ਸ) ਥਰਪਾਰਕਰ:** ਇਸ ਨਸਲ ਦਾ ਪਿਛੋਕੜ ਜ਼ਿਲ੍ਹਾ ਥਰਪਾਰਕਰ (ਪੱਛਮੀ ਪਾਕਿਸਤਾਨ) ਹੈ। ਇਸ ਨਸਲ ਦਾ ਘਰ ਸਿੰਧ (ਪਾਕਿਸਤਾਨ), ਕੱਛ (ਗੁਜਰਾਤ) ਅਤੇ ਰਾਜਸਥਾਨ ਦੇ ਜੋਧਪੁਰ ਅਤੇ ਜੈਸਲਮੇਰ ਵਿਖੇ ਹਨ। ਪਸ਼ੂਆਂ ਦਾ ਰੰਗ ਚਿੱਟਾ ਜਾਂ ਸਾਂਵਲਾ, ਸਿਰ ਦਰਮਿਆਨਾ, ਮੱਥਾ ਚੌੜਾ, ਸਿੰਗ ਬਾਹਰ ਅਤੇ ਅੰਦਰ ਨੂੰ ਮੁੜੇ ਹੋਏ ਅਤੇ ਸਿਰਿਆਂ ਤੋਂ ਤਿੱਖੇ ਹੁੰਦੇ ਹਨ। ਲੱਤਾਂ ਛੋਟੀਆਂ, ਪੂਛ ਲੰਬੀ ਅਤੇ ਪਤਲੀ, ਹਵਾਨਾ ਵੱਡਾ ਅਤੇ ਥਣ ਠੀਕ ਵਿੱਥ ਤੇ ਹੁੰਦੇ ਹਨ। ਇਹ ਗਾਂ ਇੱਕ ਸੂਏ ਵਿੱਚ ਔਸਤਨ 1400 ਲੀਟਰ ਦੁੱਧ ਦਿੰਦੀ ਹੈ| ਇਹ ਦੋ ਮੰਤਵੀ ਨਸਲ ਹੈ। ਇਸ ਨਸਲ ਦੇ ਬਲਦ ਖੇਤੀਬਾੜੀ ਦਾ ਕੰਮ ਕਰਨ ਲਈ ਬਹੁਤ ਚੰਗੇ ਹੁੰਦੇ ਹਨ।

**ਵਲੈਤੀ ਗਾਵਾਂ:** ਦੇਸੀ ਗਾਵਾਂ ਨਾਲੋਂ ਵਲੈਤੀ ਗਾਵਾਂ ਜ਼ਿਆਦਾ ਦੁੱਧ ਦਿੰਦੀਆਂ ਹਨ, ਛੋਟੀ ਉਮਰ ਵਿੱਚ ਸੂਦੀਆਂ ਹਨ ਅਤੇ ਇਨ੍ਹਾਂ ਦੇ ਦੋ ਸੂਇਆਂ ਦੇ ਵਿਚਕਾਰ ਦਾ ਸਮਾਂ ਵੀ ਘੱਟ ਹੁੰਦਾ ਹੈ। ਪਰ ਵਲੈਤੀ ਗਾਵਾਂ ਵਿੱਚ ਬਿਮਾਰੀਆਂ ਅਤੇ ਗਰਮੀ ਦਾ ਟਾਕਰਾ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਸਰੀਰਕ ਬਣਤਰ ਵਿੱਚ ਵੀ ਫਰਕ ਹੁੰਦਾ ਹੈ।

ਜਿਵੇਂ ਕਿ ਵਲੈਤੀ ਗਾਂ ਵਿੱਚ ਢੁੱਠ ਤੇ ਝੈਲਰ ਨਹੀ ਹੁੰਦੀ, ਕੰਨ ਖੜ੍ਹੇ ਹੁੰਦੇ ਹਨ ਤੇ ਪਸੀਨਾ ਛੱਡਣ ਵਾਲੀਆਂ ਥੈਲੀਆਂ ਵੀ ਘੱਟ ਹੁੰਦੀਆਂ ਹਨ। ਇਨ੍ਹਾਂ ਦੀ ਆਵਾਜ਼ ਵੀ ਦੇਸੀ ਗਾਵਾਂ ਨਾਲੋਂ ਵੱਖਰੀ ਹੁੰਦੀ ਹੈ। ਮਹੱਤਵਪੂਰਨ ਵਿਦੇਸ਼ੀ ਨਸਲਾਂ ਜੋ ਕਿ ਪੰਜਾਬ ਵਿੱਚ ਦੋਗਲੀਆਂ ਗਾਵਾਂ ਪੈਦਾ ਕਰਨ ਲਈ ਵਰਤੀਆ ਜਾਂਦੀਆਂ ਹਨ, ਉਨ੍ਹਾਂ ਦੀਆਂ ਸਰੀਰਕ ਵਿਸ਼ੇਸ਼ਤਾਈਆਂ ਅਤੇ ਗੁਣਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

**(ੳ) ਹੌਲਸਟੀਅਨ ਫਰੀਜ਼ੀਅਨ:** ਇਸ ਨਸਲ ਦਾ ਪਿਛੋਕੜ ਨੀਦਰਲੈਂਡ, ਪੱਛਮੀ ਫਰੀਜ਼ਲੈਂਡ ਅਤੇ ਉਤੱਰੀ ਹਾਲੈਂਡ ਹੈ। ਇਸ ਦਾ ਰੰਗ ਕਾਲਾ ਅਤੇ ਚਿੱਟਾ ਜਾਂ ਲਾਲ ਚਿੱਟਾ, ਸਰੀਰ ਭਾਰਾ, ਵੇਲ ਲੰਬੀ ਅਤੇ ਜ਼ਿਆਦਾ ਆਕਾਰ, ਸਿਰ ਲੰਬਾ, ਪਤਲਾ ਅਤੇ ਸਿੱਧਾ, ਲੇਵੇ ਦਾ ਆਕਾਰ ਵੱਡਾ, ਅਗਾਂਹ ਤੇ ਪਿਛਾਂਹ ਨੂੰ ਵਧਿਆ ਹੋਇਆ ਅਤੇ ਰੀੜ੍ਹ ਦੀ ਹੱਡੀ ਸਿੱਧੀ ਹੁੰਦੀ ਹੈ। ਇਸ ਨਸਲ ਦੀ ਗਾਂ ਇੱਕ ਸੂਏ ਵਿੱਚ 8000-12000 ਕਿਲੋ ਦੁੱਧ ਦਿੰਦੀ ਹੈ ਜਿਸ ਵਿੱਚ ਥੰਦਿਆਈ 3.0-4.0 ਪ੍ਰਤੀਸ਼ਤ ਹੁੰਦੀ ਹੈ। ਸਾਨ੍ਹ ਦਾ ਵਜ਼ਨ 10 ਕੁਇੰਟਲ ਅਤੇ ਗਾਂ ਦਾ 6.75 ਵਜ਼ਨ ਕੁਇੰਟਲ ਹੁੰਦਾ

ਹੈ। ਇਸ ਨਸਲ ਦੇ ਸਾਨ੍ਹ ਦਾ ਵੀਰਜ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਦੋਗਲੀ ਨਸਲ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

**(ਅ) ਜਰਸੀ:** ਇਸ ਦੇ ਜਨਮ ਦਾ ਪਿਛੋਕੜ ਜਰਸੀ ਟਾਪੂ (ਇੰਗਲੈਂਡ) ਹੈ। ਇਹ ਗਾਈਆਂ ਦੀ ਸਭ ਤੋਂ ਛੋਟੇ ਕੱਦ ਵਾਲੀ ਨਸਲ ਹੈ। ਇਹ ਨਸਲ ਹਰਨੇਟੇ ਰੰਗ ਦੀ ਹੁੰਦੀ ਹੈ। ਜਿਸ ਵਿੱਚ ਭੂਰੇ ਅਤੇ ਲਾਲ ਰੰਗ ਦੇ ਚਟਾਖ ਹੁੰਦੇ ਹੈ। ਸਰੀਰ ਦਾ ਆਕਾਰ ਛੋਟਾ ਅਤੇ ਗੁੰਦਵਾਂ ਹੁੰਦਾ ਹੈ। ਸਿੰਗਾਂ ਦਾ ਰੰਗ ਪੀਲਾ ਜਿਹਾ ਹੁੰਦਾ ਹੈ। ਜਿਸ ਦੇ ਸਿਰੇ ਆਮ ਕਰਕੇ ਕਾਲੇ ਹੁੰਦੇ ਹਨ। ਸਿਰ ਛੋਟਾ, ਮੱਥਾ ਵਧੇਰੇ ਚੌੜਾ ਅਤੇ ਅੱਖਾਂ ਉੱਭਰੀਆਂ ਹੋਈਆਂ ਹੁੰਦੀਆਂ ਹਨ। ਇਸ ਨਸਲ ਦੀ ਗਾਂ ਇੱਕ ਸੂਏ ਵਿੱਚ 3500-4000 ਕਿਲੋ ਦਿੰਦੀ ਹੈ, ਜਿਸ ਵਿੱਚ 5.0 ਪ੍ਰਤੀਸ਼ਤ ਥੰਦਿਆਈ ਹੁੰਦੀ ਹੈ। ਇਸ ਨਸਲ ਦੇ ਪਸ਼ੂ ਥੋੜੇ ਪੱਠੇ ਖਾ ਕੇ ਗੁਜ਼ਾਰਾ ਕਰ ਲੈਂਦੇ ਹਨ ਅਤੇ ਜ਼ਿਆਦਾ ਗਰਮੀ ਸਹਾਰ ਸਕਦੇ ਹਨ। ਇਸ ਨਸਲ ਦੇ ਸਾਨ੍ਹ ਦਾ ਵੀਰਜ, ਨਵਾਂ ਸ਼ਹਿਰ ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜਿਲ੍ਹਿਆਂ ਦੇ ਪਹਾੜੀ ਇਲਾਕਿਆਂ ਵਿੱਚ ਦੋਗਲੀਆਂ ਗਾਵਾਂ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

**2. ਮੱਝਾਂ ਦੀ ਨਸਲ:** ਮੱਝ ਦੀ ਸਰੀਰਕ ਬਣਤਰ ਗਾਈਆਂ ਨਾਲੋਂ ਵੱਖਰੀ ਹੁੰਦੀ ਹੈ, ਜਿਵੇਂ ਕਿ ਗਾਵਾਂ ਦੇ ਸਿੰਗ ਗੋਲ ਤੇ ਮੱਝਾਂ ਦੇ ਚਪਟੇ ਤੇ ਭਾਰੇ ਹੁੰਦੇ ਹਨ। ਗਾਵਾਂ ਵਿੱਚ ਝਾਲਰ ਕਾਫੀ ਵੱਧ ਹੁੰਦੀ ਹੈ ਤੇ ਮੱਝਾਂ ਵਿੱਚ ਝਾਲਰ ਨਹੀ ਹੁੰਦੀ ਹੈ। ਦੇਸੀ ਗਾਵਾਂ ਵਿੱਚ ਢੁੱਠ ਹੁੰਦੀ ਹੈ ਤੇ ਮੱਝਾਂ ਵਿੱਚ ਢੁੱਠ ਦੀ ਜਗ੍ਹਾ ਤੇ ਥੋੜ੍ਹੀ ਜਿਹੀ ਉੱਚੀ ਬੱਟ ਹੁੰਦੀ ਹੈ। ਗਾਵਾਂ ਦੇ ਸਰੀਰ ਦੇ ਵਾਲ ਪਤਲੇ ਤੇ ਜ਼ਿਆਦਾ ਗਿਣਤੀ ਵਿੱਚ ਹੁੰਦੇ ਹਨ, ਜਦੋਂ ਕਿ ਮੱਝਾਂ ਦੇ ਵਾਲ ਮੋਟੇ ਅਤੇ ਘੱਟ ਗਿਣਤੀ ਵਿੱਚ ਹੁੰਦੇ ਹਨ। ਭਾਰਤ ਵਿੱਚ ਮੱਝਾਂ ਦੀਆ 20 ਨਸਲਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਪੰਜਾਬ ਵਿੱਚ ਆਮ ਤੌਰ ਤੇ ਮੁਰ੍ਹਾ ਤੇ ਨੀਲੀ ਰਾਵੀ (ਪੰਜ ਕਲਿਆਣੀ) ਨਸਲ ਦੀਆਂ ਮੱਝਾਂ ਅਤੇ ਕੁਝ ਇਲਾਕਿਆਂ ਵਿੱਚ ਗੋਜਰੀ ਨਸਲ ਦੀਆਂ ਮੱਝਾਂ ਵੀ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਦੀਆ ਸਰੀਰਕ ਵਿਸ਼ੇਸ਼ਤਾਈਆਂ ਤੇ ਗੁਣ ਹੇਠ ਲਿਖੇ ਅਨੁਸਾਰ ਹਨ।

**(ੳ) ਮੁਰ੍ਹਾ:** ਇਸ ਦੇ ਜਨਮ ਦਾ ਪਿਛੋਕੜ ਹਰਿਆਣਾ ਪ੍ਰਾਂਤ ਵਿੱਚ ਜਿਲ੍ਹਾ ਰੋਹਤਕ ਹੈ। ਇਸ ਨਸਲ ਦੇ ਪਸ਼ੂ ਦਾ ਰੰਗ ਕਾਲਾ ਸਿਆਹ ਪੂਛ ਦੀ ਦੁੰਬ ਚਿੱਟੀ, ਸਿਰ ਛੋਟਾ ਤੇ ਸਾਫ-ਸੁਥਰੀ ਬਣਤਰ ਵਾਲਾ, ਮੱਥਾ ਕੁਝ ਉੱਚਾ, ਸਿੰਗ ਛੋਟੇ ਚਪਟੇ ਅਤੇ ਕੁੰਢੇ, ਸਰੀਰ ਭਾਰੀ, ਪੂਛ ਖੁੱਚਾਂ ਤੋਂ ਨੀਵੀਂ, ਸਰੀਰਕ ਬਣਤਰ ਤਿਕੋਣੀ, ਲੇਵਾ ਭਾਰਾ, ਥਣ ਲੰਬੇ ਤੇ ਠੀਕ ਵਿੱਥ ਤੇ ਹੁੰਦੇ ਹਨ। ਇਸ ਨਸਲ ਦਾ ਦੁੱਧ ਔਸਤਨ 1500 -2200 ਲੀਟਰ ਪ੍ਰਤੀ ਸੂਆ ਹੈ ਅਤੇ ਥੰਦਿਆਈ 7% ਤੋਂ ਵੀ ਵਧੇਰੇ ਹੁੰਦੀ ਹੈ। ਮੱਝ ਦਾ ਔਸਤਨ ਵਜ਼ਨ 430 ਕਿਲੋ ਅਤੇ ਝੋਟੇ ਦਾ 575 ਕਿਲੋ ਹੁੰਦਾ ਹੈ। ਦੁਨੀਆਂ ਭਰ ਦੀਆਂ ਮੱਝਾਂ ਦੀਆਂ ਨਸਲਾਂ ਵਿੱਚੋਂ ਇਹ ਨਸਲ, ਸਭ ਤੋਂ ਵੱਧ ਦੁੱਧ ਦੇਣ ਵਾਲੀ ਨਸਲ ਮੰਨੀ ਗਈ ਹੈ।

**(ਅ) ਨੀਲੀ ਰਾਵੀ:** ਇਸ ਦੇ ਜਨਮ ਦਾ ਪਿਛੋਕੜ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਅਤੇ ਫ਼ਿਰੋਜ਼ਪੁਰ (ਪੰਜਾਬ) ਹੈ। ਇਸ ਨਸਲ ਦੇ ਪਸ਼ੂਆਂ ਦਾ ਰੰਗ ਕਾਲਾ ਪਰ ਅੱਖਾਂ ਬਿੱਲੀਆਂ, ਮੱਥੇ ਉੱਤੇ ਚਿੱਟਾ ਫੁੱਲ, ਪੂਛ ਦੀ ਦੁੰਬ ਚਿੱਟੀ, ਗੋਡਿਆਂ ਅਤੇ ਖੁੱਚਾਂ ਥੱਲਿਉਂ ਲੱਤਾਂ ਸਫ਼ੈਦ ਰੰਗ ਦੀਆਂ ਹੁੰਦੀਆਂ ਹਨ। ਕੱਦ ਦਰਮਿਆਨਾ, ਸਿਰ ਬੱਗਾ, ਮੱਥਾ ਉਭਰਿਆ ਹੋਇਆ ਅਤੇ ਅੱਖਾਂ ਵਿਚਕਾਰੋਂ ਕੁਝ ਕੁ ਅੰਦਰ ਨੂੰ ਧਸੀਆਂ ਹੋਈਆਂ, ਸਿੰਗ ਭਾਰੇ ਅਤੇ ਮੁਰ੍ਹਾ ਮੱਝ ਤੋਂ ਘੱਟ ਕੁੰਢੇ ਹੁੰਦੇ ਹਨ। ਇਸ ਨਸਲ ਦੀ ਮੱਝ ਸੂਏ ਵਿੱਚ ਔਸਤਨ 1600-1800 ਲੀਟਰ ਦੁੱਧ ਦਿੰਦੀ ਹੈ, ਜਿਸ ਵਿੱਚ ਅਤੇ ਥੰਦਿਆਈ 7% ਹੁੰਦੀ ਹੈ। ਮੱਝ ਦਾ ਔਸਤਨ ਵਜ਼ਨ 450 ਕਿਲੋ ਅਤੇ ਝੋਟੇ ਦਾ 600 ਕਿਲੋ ਹੁੰਦਾ ਹੈ। ਇਸ ਨਸਲ ਦੇ ਝੋਟੇ ਭਾਰੀ ਖਿਦਾਈ ਦੇ ਕੰਮ ਆਉਂਦੇ ਹਨ।

**(ੲ) ਗੋਜਰੀ:** ਗੋਜਰੀ ਮੱਝਾਂ ਪੰਜਾਬ ਦੇ ਉੱਤਰ ਅਤੇ ਪੂਰਬੀ ਹਿੱਸਿਆਂ (ਹੁਸ਼ਿਆਰਪੁਰ, ਪਠਾਨਕੋਟ ਅਤੇ ਗੁਰਦਾਸਪੁਰ) ਅਤੇ ਹਿਮਾਚਲ ਪ੍ਰਦੇਸ਼ (ਚੰਬਾ ਅਤੇ ਕਾਂਗੜਾ) ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਪਾਈਆਂ ਜਾਂਦੀਆਂ ਹਨ। ਆਪਣੇ ਪੱਕੇ ਪੈਰਾਂ ਨਾਲ ਇਹ ਪਹਾੜੀ ਚੋਟੀਆਂ ਤੇ ਕਈ ਘੰਟੇ ਚਰ ਸਕਦੀਆਂ ਹਨ। ਗੋਜਰੀ ਨਸਲ ਦੀਆਂ ਮੱਝਾਂ ਜ਼ਿਆਦਾਤਰ ਗੁੱਜਰ ਭਾਈਚਾਰੇ ਵੱਲੋਂ ਪਾਲੀਆਂ ਜਾਂਦੀਆਂ

ਹਨ। ਗੋਜਰੀ ਨਸਲ ਦੀਆਂ ਮੱਝਾਂ, ਇਸ ਖੇਤਰ ਵਿੱਚ ਮੌਜੂਦ ਮੱਝਾਂ ਦੇ ਮੁਕਾਬਲੇ ਮੋਟੀ ਚਮੜੀ ਅਤੇ ਦਰਮਿਆਨੀ ਸਰੀਰਕ ਬਣਤਰ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਦੀ ਚਮੜੀ ਕਾਲੇ ਅਤੇ ਭੂਰੇ ਰੰਗ ਦਾ ਮਿਸ਼ਰਣ ਹੁੰਦੀ ਹੈ ਅਤੇ ਵਾਲ ਮੋਟੇ ਅਤੇ ਲੰਬੇ ਭੂਰੇ ਰੰਗ ਦੇ ਹੁੰਦੇ ਹਨ। ਮੱਥਾ ਸਿੱਧਾ ਅਤੇ ਚੌੜਾ ਹੁੰਦਾ ਹੈ। ਕੰਨ ਦਰਮਿਆਨੇ ਤੋਂ ਵੱਡੇ ਹੁੰਦੇ ਹਨ। ਮੱਥੇ ਤੇ ਚਿੱਟੇ ਵਾਲ, ਸਿੰਗ ਭਾਰੀ ਹੋਣ ਦੇ ਨਾਲ-ਨਾਲ ਘੁੰਮੇ ਵੀ ਹੁੰਦੇ ਹਨ। ਪੂਛ ਪਤਲੀ, ਲੰਬੀ ਅਤੇ ਆਖਰੀ ਸਿਰਾ ਸਫੇਦ ਹੁੰਦਾ ਹੈ। ਇਨ੍ਹਾਂ ਪਸ਼ੂਆਂ ਦਾ ਲੇਵਾ ਛੋਟਾ ਹੁੰਦਾ ਹੈ ਅਤੇ ਦੁੱਧ ਦੀ ਨਾੜੀ ਘੱਟ ਫੁੱਲੀ ਹੁੰਦੀ ਹੈ। ਇਸ ਨਸਲ ਨੂੰ ਚਰਾਵਾਂ ਪ੍ਰਬੰਧਨ ਪ੍ਰਣਾਲੀ ਰਾਹੀਂ ਪਾਲਿਆ ਜਾਂਦਾ ਹੈ। ਇਸ ਨਸਲ ਦੀ ਮੱਝ ਸੂਏ ਵਿੱਚ ਔਸਤਨ 800-1000 ਲੀਟਰ ਦੁੱਧ ਦਿੰਦੀ ਹੈ।